# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਮਾਰਚ-2017 ਰੈਗੂਲਰ ਅਤੇ ਓਪਨ ਸਕੂਲ ਦੇ ਪ੍ਰੀਖਿਆ ਫਾਰਮ ਅਤੇ ਪ੍ਰੀਖਿਆ ਫੀਸਾਂ ਪ੍ਰਾਪਤ ਕਰਨ ਸਬੰਧੀ ਸ਼ਡਿਊਲ ਹੇਠ ਲਿਖੇ ਅਨੁਸਾਰ ਨਿਸ਼ਚਿਤ ਕੀਤਾ ਜਾਂਦਾ ਹੈ:-

| **ਮੈਟ੍ਰਿਕ ਲਈ ਪਰੀਖਿਆ ਫੀਸ:-**<br>1. ਸਰਕਾਰੀ ਅਤੇ ਏਡਿਡ ਸਕੂਲਾਂ ਲਈ 700/- ਰੁ:+300/-ਰੁ: ਪ੍ਰਯੋਗੀ ਵਿਸ਼ਿਆ ਦੀ ਫੀਸ<br>2. ਐਫੀਲਿਏਟਿਡ / ਐਸੋਸੀਏਟ ਸਕੂਲਾਂ ਲਈ 1000/- ਰੁ: (ਸਮੇਤ ਪ੍ਰਯੋਗੀ ਵਿਸ਼ਿਆ ਦੀ ਫੀਸ)<br>3. ਵਾਧੂ ਵਿਸ਼ੇ ਦੀ ਫੀਸ 300/- ਰੁ: ਪ੍ਰਤੀ ਵਿਸ਼ਾ<br>**ਬਾਰ੍ਹਵੀਂ ਲਈ ਪਰੀਖਿਆ ਫੀਸ:-**<br>1. ਸਾਰੇ ਗਰੁੱਪਾਂ ਲਈ 1100/ਰੁ: + 100/ਰੁ: ਪ੍ਰਤੀ ਪ੍ਰਯੋਗੀ ਵਿਸ਼ਾ ਅਤੇ ਵਾਧੂ ਵਿਸ਼ੇ ਦੀ ਫੀਸ 300/- ਰੁ: ਪ੍ਰਤੀ ਵਿਸ਼ਾ | ਬਿਨਾਂ ਲੇਟ ਫ਼ੀਸ | 500/-ਰੁ: ਲੇਟ ਫ਼ੀਸ (ਪ੍ਰਤੀ ਪਰੀਖਿਆਰਥੀ) | 1000/-ਰੁ: ਲੇਟ ਫ਼ੀਸ (ਪ੍ਰਤੀ ਪਰੀਖਿਆਰਥੀ) | 2000/-ਰੁ: ਲੇਟ ਫੀਸ (ਪ੍ਰਤੀ ਪਰੀਖਿਆਰਥੀ) |
|---|---|---|---|---|
| ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ | 10-11-16 | 17-11-16 | 24-11-16 | 30-11-16 |
| ਬੈਂਕ ਵਿੱਚ ਫੀਸ/ਚਲਾਨ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ | 15-11-16 | 21-11-16 | 30-11-16 | 05-12-16 |
| ਪ੍ਰੀਖਿਆ ਫਾਰਮ ਜਿਲ੍ਹਾ ਖੇਤਰੀ ਦਫਤਰ/ਮੁੱਖ ਦਫਤਰ ਵਿਖੇ ਜਮਾਂ ਕਰਵਾਉਣ ਦੀ ਆਖਰੀ ਮਿਤੀ | 05-12-16 ਖੇਤਰੀ ਦਫਤਰ/ ਮੁੱਖ ਦਫਤਰ | 05-12-16 ਖੇਤਰੀ ਦਫਤਰ/ ਮੁੱਖ ਦਫਤਰ | 13-12-16 ਕੇਵਲ ਮੁੱਖ ਦਫਤਰ | 13-12-16 ਕੇਵਲ ਮੁੱਖ ਦਫਤਰ |

1. ਰਜਿਸਟ੍ਰੇਸ਼ਨ ਪੋਰਟਲ ਅਧੀਨ ਦਸਵੀਂ ਅਤੇ ਬਾਰ੍ਹਵੀਂ ਦੀ ਕੰਟੀਨਿਊਏਸ਼ਨ ਪਹਿਲਾਂ ਦੀ ਤਰ੍ਹਾਂ ਹੀ M1 & T1 ਰਾਹੀਂ ਕੀਤੀ ਜਾਵੇ। ਇਹ ਐਂਟਰੀ ਮਿਤੀ 15.10.2016 ਤੋਂ ਸ਼ੁਰੂ ਹੋਵੇਗੀ। ਸਕੂਲਾਂ ਦੀ ਸਮੇਂ ਦੀ ਬੱਚਤ ਨੂੰ ਧਿਆਨ ਵਿੱਚ ਰੱਖਦੇ ਹੋਏ ਹਰੇਕ ਸਕੂਲ ਦੇ ਨੌਵੀਂ, ਗਿਆਰਵੀਂ ਪਾਸ ਪ੍ਰੀਖਿਆਰਥੀਆਂ (TC ਕਟਵਾਉਣ ਵਾਲੇ ਪ੍ਰੀਖਿਆਰਥੀਆਂ ਨੂੰ ਛੱਡ ਕੇ) ਨੂੰ ਉਸੇ ਸਕੂਲ ਦੀ ਅਗਲੀ ਸ਼੍ਰੇਣੀ ਦਸਵੀਂ ਅਤੇ ਬਾਰ੍ਹਵੀਂ ਵਿੱਚ Import ਕਰ ਦਿੱਤਾ ਗਿਆ ਹੈ। ਜੇਕਰ Import ਕੀਤੇ ਪ੍ਰੀਖਿਆਰਥੀਆਂ ਵਿੱਚੋਂ ਕੋਈ ਹੋਰ ਪ੍ਰੀਖਿਆਰਥੀ ਸਕੂਲ ਛੱਡ ਗਿਆ ਹੈ ਤਾਂ ਉਸਨੂੰ ਲਿਸਟ (M1/T1 Imported list) ਵਿੱਚ ਡੀਲੀਟ ਕੀਤਾ ਜਾ ਸਕਦਾ ਹੈ। ਇਸ ਉਪਰੰਤ ਬਾਕੀ ਪ੍ਰੀਖਿਆਰਥੀਆਂ ਨੂੰ Modify ਕਰਕੇ ਉਹਨਾਂ ਦੇ ਬਾਕੀ ਵੇਰਵੇ ਭਾਵ ਵਿਸ਼ੇ ਆਦਿ ਅਪਡੇਟ ਕਰ ਦਿੱਤੇ ਜਾਣ। M1 & T1 ਦੀ ਐਂਟਰੀ ਕਰਕੇ ਅਤੇ ਦਾਖਲਾ ਖਾਰਜ ਰਜਿਸਟਰ ਮੁਤਾਬਿਕ ਚੈੱਕ ਕਰ ਲਿਆ ਜਾਵੇ। ਇਸਦਾ ਫਾਈਨਲ ਸਬਮਿਸ਼ਨ ਕਰਨ ਉਪਰੰਤ ਪ੍ਰੀਖਿਆਰਥੀ ਨਾਲ ਦੀ ਨਾਲ ਹੀ Examination Portal ਵਿੱਚ ਵੀ ਆ ਜਾਣਗੇ ਅਤੇ ਇਹਨਾਂ ਦੇ ਪ੍ਰੀਖਿਆ ਫਾਰਮ/ਚਲਾਨ ਜਨਰੇਟ ਕੀਤੇ ਜਾ ਸਕਣਗੇ।
2. ਪ੍ਰੀਖਿਆ ਫਾਰਮਾਂ ਦੇ ਚਲਾਨ ਲਾਟ ਵਾਈਜ਼ ਜਨਰੇਟ ਕੀਤੇ ਜਾ ਸਕਦੇ ਹਨ (ਲਾਟ ਵਾਈਜ਼ ਬਣਦੀ ਫੀਸ ਦਾ ਚਲਾਨ ਬਣ ਜਾਵੇਗਾ ਅਤੇ ਫੀਸ ਬੈਂਕ ਵਿੱਚ ਭਰਨ ਉਪਰੰਤ ਬੈਂਕ ਦੁਆਰਾ ਵੈਰੀਫਾਈ ਕਰਨ ਤੇ ਫਾਰਮ ਪ੍ਰਿੰਟ ਕੀਤੇ ਜਾ ਸਕਣਗੇ) ਭਾਵ ਜੇਕਰ ਮੈਟ੍ਰਿਕ ਵਿੱਚ 50 ਪ੍ਰੀਖਿਆਰਥੀ ਹਨ, ਪ੍ਰੰਤੂ ਸਿਰਫ 45 ਪ੍ਰੀਖਿਆਰਥੀਆਂ ਨੇ ਹੀ ਫੀਸ/ਦਸਤਾਵੇਜ਼ ਪੂਰੇ ਕੀਤੇ ਹਨ ਅਤੇ ਬਾਕੀ ਪ੍ਰੀਖਿਆਰਥੀਆਂ ਨੂੰ ਕੁਝ ਸਮਾਂ ਲੱਗਣਾ ਹੈ ਤਾਂ ਉਹਨਾਂ ਦਾ ਇੰਤਜ਼ਾਰ ਕਰਨ ਦੀ ਬਜਾਏ 45 ਪ੍ਰੀਖਿਆਰਥੀਆਂ ਨੂੰ ਸਲੈਕਟ ਕਰਕੇ ਉਹਨਾਂ ਦਾ ਫਾਰਮ ਅਤੇ ਚਲਾਨ ਜਨਰੇਟ ਕਰ ਲਿਆ ਜਾਵੇ (ਪ੍ਰੀਖਿਆ ਫਾਰਮ ਜਨਰੇਟ ਕਰਨ ਦਾ ਪ੍ਰੋਸੈਸ ਚਲਾਨ ਜਨਰੇਟ ਕਰਨ ਉਪਰੰਤ ਹੀ ਪੂਰਾ ਹੋਵੇਗਾ)। ਇਹਨਾਂ ਪ੍ਰੀਖਿਆਰਥੀਆਂ ਦਾ ਇੱਕ ਲਾਟ ਬਣ ਜਾਵੇਗਾ। ਇਸੇ ਤਰ੍ਹਾਂ ਬਾਕੀ ਬਚਦੇ ਪ੍ਰੀਖਿਆਰਥੀਆਂ ਦੇ ਪ੍ਰੀਖਿਆ ਫਾਰਮ/ ਚਲਾਨ ਉੱਪਰ ਦਿੱਤੇ ਪ੍ਰੋਸੈਸ ਅਨੁਸਾਰ ਅਗਲੇ ਲਾਟ ਵਿੱਚ ਜਨਰੇਟ ਕੀਤੇ ਜਾ ਸਕਦੇ ਹਨ।

3 ਪ੍ਰੀਖਿਆ ਫਾਰਮ ਜਨਰੇਟ ਕਰਨ ਸਬੰਧੀ ਹਦਾਇਤਾਂ ਸਕੂਲ ਲਾਗਇੰਨ ਆਈ.ਡੀ. ਅਧੀਨ ਡਾਊਨਲੋਡ ਕਰਕੇ ਇਹਨਾਂ ਨੂੰ ਧਿਆਨ ਨਾਲ ਪੜ੍ਹ ਲਿਆ ਜਾਵੇ।

4 ਪ੍ਰੀਖਿਆ ਫੀਸਾਂ ਪੰਜਾਬ ਨੈਸ਼ਨਲ ਬੈਂਕ ਅਤੇ ਸਟੇਟ ਬੈਂਕ ਆਫ ਪਟਿਆਲਾ ਵਿਖੇ ਚਲਾਨ ਰਾਹੀਂ ਜਮ੍ਹਾਂ ਕਰਵਾਈਆਂ ਜਾਣਗੀਆ। ਚਲਾਨ ਜਨਰੇਟ ਹੋਣ ਤੋ 24 ਘੰਟੇ ਬਾਅਦ ਬੈਂਕ ਵਿੱਚ ਫੀਸ ਜਮ੍ਹਾਂ ਹੋਵੇਗੀ ਅਤੇ ਜਮ੍ਹਾਂ ਹੋਣ ਤੋਂ ਲੱਗ ਭੱਗ 48 ਘੰਟੇ ਵਿੱਚ ਫੀਸ ਵੈਰੀਫਾਈ ਹੋਵੇਗੀ। ਫੀਸ ਵੈਰੀਫਾਈ ਹੋਣ ਉਪਰੰਤ ਹੀ ਪ੍ਰੀਖਿਆ ਫਾਰਮ ਪ੍ਰਿੰਟ ਕੀਤੇ ਜਾ ਸਕਦੇ ਹਨ।

5 ਚਲਾਨ ਉੱਪਰ ਦਰਜ Challan Valid Date ਹੀ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਹੋਵੇਗੀ। ਇਸ ਮਿਤੀ ਤੱਕ ਹੀ ਹਰ ਹਾਲਤ ਵਿੱਚ ਫੀਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ।

6 ਸ਼ਡਿਊਲ ਦੀਆਂ ਮਿਤੀਆਂ ਵਿੱਚ ਕਿਸੇ ਵੀ ਸਟੇਜ ਤੇ ਵਾਧਾ ਨਹੀਂ ਕੀਤਾ ਜਾਵੇਗਾ।

7 ਪ੍ਰੀਖਿਆ ਫੀਸ ਜਮ੍ਹਾਂ ਕਰਵਾਉਣ ਸਬੰਧੀ ਹਦਾਇਤਾਂ ਸਬੰਧਤ ਸਕੂਲ ਦੀ ਲਾਗ-ਇੰਨ ਆਈ.ਡੀ ਵਿੱਚ ਉਪਲਬਧ ਹਨ।

8 ਪਰੀਖਿਆਰਥੀਆਂ ਦੇ ਵੇਰਵਿਆਂ ਵਿੱਚ ਜੇਕਰ ਕੋਈ ਵੀ ਸੋਧ ਹੋਵੇ ਤਾਂ ਮਿਤੀ 13-12-2016 ਤੋਂ 30-12-2016 ਤੱਕ 200/- ਰੁ: ਪ੍ਰਤੀ ਸੋਧ ਫੀਸ ਦੇ ਨਾਲ ਸਕੂਲ ਲਾਗਇੰਨ ਆਈ.ਡੀ. ਵਿੱਚ ਉਪਲਬਧ ਸ਼੍ਰੇਣੀ ਵਾਈਜ਼ ਦਿੱਤਾ ਸੋਧ ਪ੍ਰੋਫਾਰਮਾ ਪ੍ਰਿੰਟ ਕਰਕੇ ਸੋਧਾਂ ਦਰਜ ਕਰਨ ਉਪਰੰਤ ਮੁੱਖ ਦਫਤਰ ਵਿਖੇ ਸਬੰਧਤ ਪ੍ਰੀਖਿਆ ਸ਼ਾਖਾ ਦੇ ਸੈੱਟ ਵਿੱਚ ਜਮ੍ਹਾਂ ਕਰਵਾਇਆ ਜਾਵੇ। ਸੋਧ ਫੀਸ ਮੁੱਖ ਦਫਤਰ ਵਿੱਚ ਹੀ ਜਮ੍ਹਾਂ ਕਰਵਾਈ ਜਾਵੇ।

**ਨੋਟ : ਪ੍ਰੀਖਿਆ ਫਾਰਮ ਜਨਰੇਟ ਕਰਨ ਸਬੰਧੀ ਹਦਾਇਤਾਂ ਸਕੂਲ ਲਾਗਇੰਨ ਆਈ.ਡੀ. ਅਧੀਨ ਡਾਊਨਲੋਡ ਕਰਕੇ ਇਹਨਾਂ ਨੂੰ ਧਿਆਨ ਨਾਲ ਪੜ੍ਹ ਲਿਆ ਜਾਵੇ।**

ਸਕੱਤਰ